GOVERNMENT OF WESTERN AUSTRALIA

PathWest LABORATORY MEDICINE WA

Punjabi | ਪੰਜਾਬੀ



ਪਰਿਵਾਰਾਂ ਲਈ ਜਾਣਕਾਰੀ

# ਆਪਣੇ ਬੱਚੇ ਦੀ ਮੌਤ ਤੋਂ ਬਾਅਦ ਪੋਸਟਮਾਰਟਮ ਕਰਵਾਉਣਾ

ਕਿਰਪਾ ਕਰਕੇ ਧਿਆਨ ਵਿੱਚ ਰੱਖੋ ਕਿ ਹੇਠਾਂ ਦਿੱਤੀ ਜਾਣਕਾਰੀ ਕੁੱਝ ਪਾਠਕਾਂ ਲਈ ਪ੍ਰੇਸ਼ਾਨੀ ਵਾਲੀ ਹੋ ਸਕਦੀ ਹੈ।

ਜੇਕਰ ਤੁਸੀਂ, ਜਾਂ ਤੁਹਾਡੇ ਕਿਸੇ ਨਜ਼ਦੀਕੀ ਨੂੰ ਬੱਚੇ ਦੇ ਮਰਨ ਦੇ ਦੁੱਖ ਦਾ ਸਾਹਮਣਾ ਕਰਨਾ ਪਿਆ ਹੈ, ਤਾਂ ਅਸੀਂ ਇਸ ਲਈ ਆਪਣੀ ਦਿਲੀ ਹਮਦਰਦੀ ਪੇਸ਼ ਕਰਦੇ ਹਾਂ। ਅਸੀਂ ਸਮਝਦੇ ਹਾਂ ਕਿ ਬੱਚੇ ਦੀ ਮੌਤ ਹੋਣਾ ਬਹੁਤ ਹੀ ਦੁੱਖ ਭਰਿਆ ਹੁੰਦਾ ਹੈ, ਇਸ ਲਈ ਅਸੀਂ ਤੁਹਾਡੇ ਅਤੇ ਤੁਹਾਡੇ ਪਰਿਵਾਰ ਨੂੰ ਇਸ ਮੁਸ਼ਕਲ ਸਮੇਂ ਵਿੱਚੋਂ ਲੰਘਣ ਵਿੱਚ ਪੂਰੀ ਸਹਾਇਤਾ ਅਤੇ ਦੇਖਭਾਲ ਦੇਣ ਲਈ ਵਚਨਬੱਧ ਹਾਂ।

ਤੁਹਾਡੇ ਬੱਚੇ ਦੇ ਗੁਜ਼ਰਨ ਨਾਲ ਕੁੱਝ ਮਹੱਤਵਪੂਰਨ ਸਵਾਲ ਪੈਦਾ ਹੋ ਸਕਦੇ ਹਨ ਜੋ ਤੁਹਾਡੀ ਸੋਗ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਨ੍ਹਾਂ ਸਵਾਲਾਂ ਦਾ ਜਵਾਬ ਲੱਭਣ ਦੇ ਤਰੀਕਿਆਂ ਵਿੱਚੋਂ ਇੱਕ, ਤੁਹਾਡੇ ਬੱਚੇ ਦੀ ਪੋਸਟ-ਮੋਰਟਮ ਜਾਂਚ ਦੇ ਰਾਹੀਂ ਹੈ।

ਇਸ ਬ੍ਰੋਸ਼ਰ ਦਾ ਉਦੇਸ਼ ਤੁਹਾਨੂੰ ਕੁੱਝ ਹੋਰ ਜਾਣਕਾਰੀ ਪ੍ਰਦਾਨ ਕਰਨਾ ਅਤੇ ਕੁੱਝ ਆਮ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦੇਣਾ ਹੈ। ਤੁਹਾਡਾ ਸਿਹਤ-ਸੰਭਾਲ ਪ੍ਰਦਾਤਾ ਤੁਹਾਡੇ ਬੱਚੇ ਦੀ ਪੋਸਟਮਾਰਟਮ ਜਾਂਚ ਕਰਨ ਬਾਰੇ ਤੁਹਾਡੇ ਨਾਲ ਸਲਾਹ ਕਰੇਗਾ। ਤੁਸੀਂ ਪੋਸਟ-ਮਾਰਟਮ ਕਰਵਾਉਣ ਦਾ ਫ਼ੈਸਲਾ ਕਰ ਸਕਦੇ ਹੋ, ਜਾਂ ਇਸ ਨੂੰ ਅਸਵੀਕਾਰ/ਮਨ੍ਹਾਂ ਕਰ ਸਕਦੇ ਹੋ। ਇਹ ਫ਼ੈਸਲਾ ਪੂਰੀ ਤਰ੍ਹਾਂ ਤੁਹਾਡਾ ਹੋਵੇਗਾ। ਤੁਹਾਨੂੰ ਆਪਣੇ ਫ਼ੈਸਲੇ ਨੂੰ ਜਾਣਕਾਰੀ ਸਹਿਤ ਲੈਣ ਲਈ, ਆਪਣੇ ਸਿਹਤ-ਸੰਭਾਲ ਪ੍ਰਦਾਤਾ ਕੋਲੋਂ ਇਸ ਪ੍ਰਕਿਰਿਆ ਬਾਰੇ ਸਵਾਲ ਪੁੱਛਣ ਦਾ ਮੌਕਾ ਮਿਲੇਗਾ।

## ਅਕਸਰ ਪੁੱਛੇ ਜਾਂਦੇ ਸਵਾਲ

### ਸਹਿਮਤੀ ਦਾ ਕੀ ਅਰਥ ਹੈ?

ਪੋਸਟ-ਮਾਰਟਮ ਕਰਨ ਵੱਲ ਅੱਗੇ ਵੱਧਣ ਤੋਂ ਪਹਿਲਾਂ ਤੁਹਾਡੀ ਆਗਿਆ, ਜਾਂ ਸਹਿਮਤੀ ਦੀ ਲੋੜ ਹੁੰਦੀ ਹੈ; ਇੱਕ ਸੀਨੀਅਰ ਡਾਕਟਰ ਇਸ ਬਾਰੇ ਤੁਹਾਡੇ ਨਾਲ ਚਰਚਾ ਕਰੇਗਾ। ਜੇਕਰ ਤੁਸੀਂ ਪੋਸਟ-ਮਾਰਟਮ ਕਰਨ ਲਈ ਸਹਿਮਤੀ ਦਿੰਦੇ ਹੋ, ਤਾਂ ਤੁਹਾਨੂੰ ਇਹ ਵਿਚਾਰਨ ਲਈ ਕਿਹਾ ਜਾਵੇਗਾ ਕਿ ਤੁਸੀਂ ਕਿਸ ਕਿਸਮ ਦੇ ਪੋਸਟ-ਮਾਰਟਮ ਲਈ ਆਗਿਆ ਦੇ ਰਹੇ ਹੋ, ਅਤੇ ਇਹ ਦੱਸਣ ਲਈ ਕਿਹਾ ਜਾਵੇਗਾ ਕਿ ਪੋਸਟ-ਮਾਰਟਮ ਦੌਰਾਨ ਜਾਂਚ ਲਈ ਕੱਢੇ ਗਏ ਟਿਸ਼ੂ ਅਤੇ ਅੰਗਾਂ ਦੀ ਦੇਖਭਾਲ ਕਿਵੇਂ ਕੀਤੀ ਜਾਵੇਗੀ। ਉਦਾਹਰਨ ਵਜੋਂ, ਕਈ ਵਾਰ ਕਿਸੇ ਅੰਗ ਨੂੰ ਸੰਭਾਲ ਕੇ ਰੱਖਣਾ ਮਦਦਗਾਰ ਹੁੰਦਾ ਹੈ ਤਾਂ ਜੋ ਇਸ ਦੀ ਵਧੇਰੇ ਵਿਸਥਾਰਪੂਰਨ ਜਾਂਚ ਕੀਤੀ ਜਾ ਸਕੇ। ਤੁਸੀਂ ਇਹ ਤੈਅ ਕਰ ਸਕਦੇ ਹੋ ਕਿ ਕਿਸੇ ਅੰਗ ਨੂੰ ਕਿੰਨੇ ਸਮੇਂ ਲਈ ਰੱਖਿਆ ਜਾ ਸਕਦਾ ਹੈ, ਅਤੇ ਜਾਂਚ ਖ਼ਤਮ ਹੋਣ 'ਤੇ ਇਸ ਦੀ ਦੇਖਭਾਲ ਕਿਵੇਂ ਕੀਤੀ ਜਾਵੇਗੀ। ਤੁਹਾਡੀ ਮੱਦਦ ਕਰਨ ਵਾਲੇ ਡਾਕਟਰ ਦੁਆਰਾ ਸਹਿਮਤੀ ਪ੍ਰਕਿਰਿਆ ਦੌਰਾਨ ਇਨ੍ਹਾਂ ਮਾਮਲਿਆਂ ਬਾਰੇ ਤੁਹਾਡੇ ਨਾਲ ਚਰਚਾ ਕੀਤੀ ਜਾਵੇਗੀ। ਇਹ ਜਾਣਨਾ ਮਹੱਤਵਪੂਰਨ ਹੈ ਕਿ ਤੁਹਾਡਾ ਫ਼ੈਸਲਾ ਚਾਹੇ ਜੋ ਵੀ ਹੋਵੇ, ਤੁਹਾਡੇ ਬੱਚੇ ਨਾਲ ਹਮੇਸ਼ਾ ਪੂਰੀ ਦੇਖਭਾਲ ਨਾਲ ਵਰਤਾਓ ਕੀਤਾ ਜਾਂਦਾ ਹੈ। ਪੋਸਟਮਾਰਟਮ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਤੁਸੀਂ ਪ੍ਰਕਿਰਿਆ ਤੋਂ ਬਾਅਦ ਆਪਣੇ ਬੱਚੇ ਨੂੰ ਦੇਖਣ ਅਤੇ ਗੋਦ ਵਿੱਚ ਲੈਣ ਦੇ ਯੋਗ ਹੋਵੋਗੇ।

## ਪੋਸਟ-ਮਾਰਟਮ ਜਾਂਚ ਕੀ ਹੁੰਦੀ ਹੈ?

ਇਹ ਮੌਤ ਤੋਂ ਬਾਅਦ ਕੀਤੀ ਜਾਣ ਵਾਲੀ ਜਾਂਚ ਹੁੰਦੀ ਹੈ ਤਾਂ ਜੋ ਤੁਹਾਡੇ ਬੱਚੇ ਨਾਲ ਕੀ ਹੋਇਆ, ਇਸ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ। ਇਹ ਜਾਂਚ ਇੱਕ ਮੈਡੀਕਲ ਮਾਹਰ ਦੁਆਰਾ ਕੀਤੀ ਜਾਂਦੀ ਹੈ, ਜਿਸਨੂੰ ਪੀਡੀਐਟ੍ਰਿਕ (ਬਾਲ ਰੋਗ ਮਾਹਰ) ਅਤੇ ਪੇਰੀਨੇਟਲ ਪੈਥੋਲੋਜਿਸਟ ਕਿਹਾ ਜਾਂਦਾ ਹੈ ਜੋ ਇਸ ਖੇਤਰ ਵਿੱਚ ਵਿਸ਼ੇਸ਼ ਤੌਰ 'ਤੇ ਤਜਰਬੇਕਾਰ ਅਤੇ ਸਿਖਲਾਈ ਪ੍ਰਾਪਤ ਹੁੰਦਾ ਹੈ।

ਇਹ ਜਾਂਚ ਕਰਨ ਦੇ ਤਿੰਨ ਤਰੀਕੇ ਹੁੰਦੇ ਹਨ: **ਬਾਹਰੀ**, **ਪੂਰੀ** ਅਤੇ **ਸੀਮਿਤ**। ਸਹਿਮਤੀ ਫਾਰਮ ਵਿੱਚ ਹਰ ਕਿਸਮ ਦੀ ਜਾਂਚ ਲਈ ਵੱਖ-ਵੱਖ ਤਰੀਕੇ ਦਿੱਤੇ ਜਾਂਦੇ ਹਨ। ਬਾਹਰੀ ਜਾਂਚ ਲਈ, ਭਾਗ 2a ਨੂੰ, ਪੂਰੀ ਜਾਂਚ ਲਈ ਭਾਗ 2b ਨੂੰ, ਅਤੇ ਸੀਮਿਤ ਜਾਂਚ ਲਈ ਭਾਗ 2c ਨੂੰ ਭਰਿਆ ਜਾਣਾ ਚਾਹੀਦਾ ਹੈ।

ਇੱਕ ਵਧੇਰੇ ਪੂਰੀ ਜਾਂਚ (ਜਿਵੇਂ ਕਿ ਪੂਰੀ ਜਾਂਚ) ਪੈਥੋਲੋਜਿਸਟ ਨੂੰ ਇਕ ਵਧੇਰੇ ਜਾਣਕਾਰੀ ਭਰਪੂਰ ਅੰਤਿਮ ਰਿਪੋਰਟ ਪ੍ਰਦਾਨ ਕਰਨ ਦੇ ਯੋਗ ਬਣਾਉਂਦੀ ਹੈ। ਬਦਲੇ ਵਿੱਚ, ਇਹ ਤੁਹਾਡੇ ਡਾਕਟਰ ਜਾਂ ਕਾਊਂਸਲਰ ਨੂੰ ਤੁਹਾਡੇ ਬੱਚੇ ਨਾਲ ਕੀ ਹੋਇਆ ਹੈ, ਇਸ ਬਾਰੇ ਬਿਹਤਰ ਢੰਗ ਨਾਲ ਸਮਝਾਉਣ ਦੀ ਆਗਿਆ ਦਿੰਦੀ ਹੈ।

ਬਾਹਰੀ ਜਾਂਚ ਸਮੇਤ ਹਰੇਕ ਜਾਂਚ ਵਿੱਚ ਹੇਠ ਲਿਖੇ ਪੜਾਅ ਸ਼ਾਮਲ ਹੁੰਦੇ ਹਨ:

- ਕਲੀਨਿਕਲ ਫ਼ੋਟੋਆਂ (ਇਹ ਜਮਾਂਦਰੂ ਅਸਧਾਰਨਤਾਵਾਂ ਦਾ ਪਤਾ ਲਗਾਉਣ ਅਤੇ ਰਿਕਾਰਡ ਕਰਨ ਲਈ ਬਹੁਤ ਉਪਯੋਗੀ ਹੁੰਦੀਆਂ ਹਨ)
- ਮਾਪਾਂ ਦਾ ਇੱਕ ਮਿਆਰੀ ਸੈੱਟ (ਇਹ ਪਤਾ ਲਗਾਉਣ ਲਈ ਕਿ ਬੱਚਾ ਕਿਵੇਂ ਵਧਿਆ ਹੈ)
- ਬੇਬੀਗ੍ਰਾਮ (ਜੋ ਇੱਕ ਕਿਸਮ ਦਾ ਐਕਸ-ਰੇ ਹੁੰਦਾ ਹੈ ਜੋ ਪਿੰਜਰ ਦਾ ਮੁਲਾਂਕਣ ਕਰਦਾ ਹੈ)
- ਸਰੀਰ ਦੀ ਬਾਹਰੀ ਜਾਂਚ (ਇਹ ਦੇਖਣ ਲਈ ਕਿ ਸਰੀਰ ਦੀ ਬਣਤਰ ਅਤੇ ਲੱਤਾਂ-ਬਾਹਾਂ ਦਾ ਵਿਕਾਸ ਕਿਵੇਂ ਹੋਇਆ ਹੈ)
- (ਜਨਮ ਤੋਂ ਬਾਅਦ) ਪਲੈਸੈਂਟਾ ਦੀ ਵਿਸਥਾਰਪੂਰਨ ਜਾਂਚ

ਹਾਲਾਂਕਿ ਪੋਸਟ-ਮਾਰਟਮ ਇੱਕ ਬਹੁਤ ਹੀ ਵਿਸ਼ੇਸ਼ ਜਾਂਚ ਹੈ, ਪਰ ਹਮੇਸ਼ਾ ਮੌਤ ਦੇ ਕਾਰਨ ਦਾ ਪਤਾ ਲਗਾਉਣਾ ਜਾਂ ਸਾਰੇ ਨਤੀਜੇ ਸਮਝਾਉਣਾ ਸੰਭਵ ਨਹੀਂ ਹੁੰਦਾ ਹੈ।

ਕਿਰਪਾ ਕਰਕੇ ਇਹ ਵੀ ਜ਼ਰੂਰ ਜਾਣੋ ਕਿ ਪੈਥੋਲੋਜਿਸਟ ਕਲੀਨੀਕਲ ਫ਼ੋਟੋਆਂ, ਐਕਸ-ਰੇ, ਅਤੇ ਰਿਪੋਰਟ ਨੂੰ ਦੂਜੇ ਡਾਕਟਰਾਂ ਨਾਲ ਸਾਂਝਾ ਕਰ ਸਕਦਾ ਹੈ, ਖ਼ਾਸ ਕਰਕੇ ਜਦੋਂ ਮਾਮਲਾ ਬਹੁਤ ਜ਼ਿਆਦਾ ਪੇਚੀਦਾ ਹੋਵੇ ਅਤੇ ਵਧੇਰੇ ਜਾਣਕਾਰੀ ਦੀ ਲੋੜ ਹੋਵੇ, ਜਾਂ ਦੂਜੀ ਰਾਏ ਮੰਗੀ ਜਾ ਰਹੀ ਹੋਵੇ।

### ਬਾਹਰੀ ਪੋਸਟ-ਮਾਰਟਮ ਜਾਂਚ (ਭਾਗ 2a)

ਅਸੀਂ ਸਮਝਦੇ ਹਾਂ ਕਿ ਤੁਸੀਂ ਆਪਣੇ ਬੱਚੇ ਦੇ ਸਰੀਰ 'ਤੇ ਕੋਈ ਚੀਰਾ ਨਹੀਂ ਲਗਵਾਉਣਾ ਚਾਹੁੰਦੇ ਹੋ, ਅਤੇ ਇਹ ਠੀਕ ਹੈ। ਅਸੀਂ ਫਿਰ ਵੀ ਕਲੀਨਿਕਲ ਫ਼ੋਟੋਆਂ, ਮਾਪਾਂ, ਬੇਬੀਗ੍ਰਾਮ, ਅਤੇ ਪਲੈਸੈਂਟਾ ਦੀ ਜਾਂਚ ਤੋਂ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।

### ਪੂਰੀ ਪੋਸਟ-ਮਾਰਟਮ ਜਾਂਚ (ਭਾਗ 2b)

ਇੱਕ ਪੂਰਾ ਪੋਸਟ-ਮਾਰਟਮ, ਪੋਸਟ-ਮਾਰਟਮ ਦੀ ਸਭ ਤੋਂ ਵੱਧ ਪੇਚੀਦਾ ਅਤੇ ਵਿਸਥਾਰਪੂਰਨ ਕਿਸਮ ਹੈ। ਇਸ ਨਾਲ ਪੈਥੋਲੋਜਿਸਟ ਨੂੰ ਜਿੰਨ੍ਹੀ ਸੰਭਵ ਹੋ ਸਕੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਲਈ, ਸਾਰੇ ਅੰਗਾਂ ਦੀ ਜਾਂਚ ਕਰਨ ਦਾ ਮੌਕਾ ਮਿਲੇਗਾ। ਆਟੋਪਸੀ (ਮ੍ਰਿਤਕ ਸਰੀਰ ਦੀ ਜਾਂਚ) ਕਰਨ ਲਈ ਛਾਤੀ, ਪੇਟ (ਢਿੱਡ), ਅਤੇ ਖੋਪੜੀ ਦੇ ਨਾਲ ਚੀਰੇ ਲਗਾਏ ਜਾਂਦੇ ਹਨ।

ਪੋਸਟਮਾਰਟਮ ਤੋਂ ਬਾਅਦ, ਇਨ੍ਹਾਂ ਚੀਰਿਆਂ ਨੂੰ ਸੰਵੇਦਨਸ਼ੀਲ ਢੰਗ ਨਾਲ ਸੀਊਤਾ ਜਾਵੇਗਾ ਅਤੇ ਜਦੋਂ ਤੁਹਾਡੇ ਬੱਚੇ ਨੂੰ ਧਿਆਨ ਨਾਲ ਕੱਪੜੇ ਪਹਿਨਾ ਕੇ ਤੁਹਾਡੇ ਕੋਲ ਵਾਪਸ ਲਿਆਂਦਾ ਜਾਵੇਗਾ ਤਾਂ ਇਹ ਚੀਰੇ ਦਿਖਾਈ ਨਹੀਂ ਦੇਣਗੇ।

### ਸੀਮਿਤ ਪੋਸਟ-ਮਾਰਟਮ ਪ੍ਰੀਖਿਆ (ਭਾਗ 2c)

ਹਾਲਾਂਕਿ ਇੱਕ ਪੂਰਾ ਪੋਸਟਮਾਰਟਮ ਕਰਨਾ ਸਭ ਤੋਂ ਵਧੀਆ ਤਰੀਕਾ ਮੰਨਿਆ ਜਾਂਦਾ ਹੈ, ਅਸੀਂ ਸਮਝਦੇ ਹਾਂ ਕਿ ਤੁਸੀਂ ਸਭ ਤੋਂ ਘੱਟ ਸੰਭਵ ਜਾਂਚਾਂ ਕਰਨ ਕਰਵਾਉਣ ਦਾ ਤਰੀਕਾ ਚੁਣ ਸਕਦੇ ਹੋ। ਇਹ ਖ਼ਾਸ ਤੌਰ 'ਤੇ ਉਸ ਸਥਿਤੀ ਵਿੱਚ ਸੱਚ ਹੋ ਸਕਦਾ ਹੈ ਜੇਕਰ ਤੁਹਾਡੇ ਬੱਚੇ ਨੂੰ ਦਿਲ ਜਾਂ ਦਿਮਾਗ ਨਾਲ ਸੰਬੰਧਿਤ ਕੋਈ ਵਿਸ਼ੇਸ਼ ਸਮੱਸਿਆ ਹੋਣ ਦਾ ਪਤਾ ਲੱਗਾ ਹੈ।

ਕਈ ਵਾਰ ਤੁਹਾਡੇ ਮੈਡੀਕਲ ਪ੍ਰੈਕਟੀਸ਼ਨਰ ਤੁਹਾਡੇ ਬੱਚੇ ਦੀ ਮੌਤ ਤੋਂ ਬਾਅਦ ਜੈਨੇਟਿਕ ਜਾਂਚ ਕਰਨ ਦੀ ਸਿਫਾਰਸ਼ ਵੀ ਕਰ ਸਕਦੇ ਹਨ। ਇਨ੍ਹਾਂ ਸਥਿਤੀਆਂ ਵਿੱਚ, ਸੀਮਤ ਪੋਸਟਮਾਰਟਮ ਕੀਤਾ ਜਾ ਸਕਦਾ ਹੈ ਜਿਵੇਂ ਕਿ:

- ਸਿਰ ਵਿੱਚ ਚੀਰੇ ਲਗਾਏ ਬਿਨਾਂ ਪੇਟ ਅਤੇ ਛਾਤੀ ਦੇ ਅੰਗਾਂ ਦੀ ਜਾਂਚ
- ਸਿਰਫ਼ ਛਾਤੀ ਦੇ ਅੰਗਾਂ ਦੀ ਜਾਂਚ
- ਸਿਰਫ਼ ਪੇਟ ਦੇ ਅੰਗਾਂ ਦੀ ਜਾਂਚ
- ਸਿਰਫ਼ ਸਿਰ ਦੀ ਜਾਂਚ
- ਸਿਰਫ਼ ਜੈਨੇਟਿਕ ਜਾਂਚ ਲਈ ਟਿਸ਼ੂ ਦਾ ਨਮੂਨਾ ਲੈਣ ਲਈ ਜਾਂਚ।

ਇਹ ਫ਼ੈਸਲਾ ਪੂਰੀ ਤਰ੍ਹਾਂ ਤੁਹਾਡੇ ਉੱਤੇ ਨਿਰਭਰ ਹੈ। ਸੀਮਤ ਪੋਸਟ-ਮਾਰਟਮ ਕਰਨ ਲਈ, ਪੈਥੋਲੋਜਿਸਟ ਦੁਆਰਾ ਨਿਰਧਾਰਤ ਤਰੀਕੇ ਨਾਲ ਇੱਕ ਚੀਰਾ ਲਗਾਇਆ ਜਾਂਦਾ ਹੈ। ਇਸ ਨੂੰ ਸੰਵੇਦਨਸ਼ੀਲ ਢੰਗ ਨਾਲ ਸੀਊਤਾ ਜਾਵੇਗਾ ਅਤੇ ਜਦੋਂ ਤੁਹਾਡੇ ਬੱਚੇ ਨੂੰ ਧਿਆਨ ਨਾਲ ਕੱਪੜੇ ਪਹਿਨਾ ਕੇ ਅਤੇ ਕੰਬਲ ਵਿੱਚ ਲਪੇਟ ਕੇ ਤੁਹਾਡੇ ਕੋਲ ਵਾਪਸ ਲਿਆਂਦਾ ਜਾਵੇਗਾ ਤਾਂ ਇਹ ਚੀਰਾ ਦਿਖਾਈ ਨਹੀਂ ਦੇਵੇਗਾ। ਤੁਹਾਡਾ ਸਿਹਤ-ਸੰਭਾਲ ਪ੍ਰਦਾਤਾ ਇਸ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ।

## ਕੀ ਮੈਨੂੰ ਹੁਣੇ ਕੋਈ ਫ਼ੈਸਲੇ ਲੈਣੇ ਪੈਣਗੇ?

ਨਹੀਂ, ਤੁਹਾਨੂੰ ਹੁਣੇ ਕੋਈ ਫ਼ੈਸਲਾ ਲੈਣ ਦੀ ਲੋੜ ਨਹੀਂ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਉਹ ਫ਼ੈਸਲੇ ਕਰੋ ਜਿਨ੍ਹਾਂ ਨਾਲ ਤੁਸੀਂ ਆਰਾਮਦਾਇਕ ਮਹਿਸੂਸ ਕਰਦੇ ਹੋ, ਅਤੇ ਅਸੀਂ ਸਮਝਦੇ ਹਾਂ ਕਿ ਇਸ ਵਿੱਚ ਥੋੜ੍ਹਾ ਸਮਾਂ ਲੱਗ ਸਕਦਾ ਹੈ। ਤੁਹਾਡੇ ਬੱਚੇ ਦੀ ਕੋਈ ਵੀ ਜਾਂਚ ਤੁਹਾਡੀ ਸਹਿਮਤੀ ਤੋਂ ਬਿਨਾਂ ਨਹੀਂ ਕੀਤੀ ਜਾਵੇਗੀ।

## ਕਿਹੜਾ ਟਿਸ਼ੂ ਲਿਆ ਜਾਂਦਾ ਹੈ?

ਪੂਰੀ ਜਾਂ ਸੀਮਤ ਪੋਸਟ-ਮਾਰਟਮ ਜਾਂਚ ਲਈ, ਰੋਗ ਦਾ ਪਤਾ ਲਗਾਉਣ ਲਈ ਮਾਈਕ੍ਰੋਸਕੋਪੀ ਕਰਨ ਲਈ ਹਰ ਮੁੱਖ ਅੰਗ ਤੋਂ ਨਿਯਮਿਤ ਤੌਰ 'ਤੇ ਛੋਟੇ ਨਮੂਨੇ (ਮਟਰ ਦੇ ਆਕਾਰ ਦੇ ਲਗਭਗ) ਲਏ ਜਾਂਦੇ ਹਨ। ਇਹ ਜੀਵਨ ਦੌਰਾਨ ਲਈ ਜਾਣ ਵਾਲੀ ਬਾਇਓਪਸੀ ਵਰਗਾ ਹੀ ਹੁੰਦਾ ਹੈ। ਇਸੇ ਤਰ੍ਹਾਂ ਦੇ ਆਕਾਰ ਦੇ ਹੋਰ ਨਮੂਨੇ ਦੂਜੇ ਵਿਭਾਗਾਂ (ਜਿਵੇਂ ਕਿ ਜੈਨੇਟਿਕਸ, ਮਾਈਕ੍ਰੋਬਾਇਓਲੋਜੀ, ਅਤੇ ਵਾਇਰੋਲੋਜੀ) ਦੁਆਰਾ ਜਾਂਚ ਕਰਨ ਲਈ ਵੀ ਲਏ ਜਾ ਸਕਦੇ ਹਨ। ਟਿਸ਼ੂ ਦਾ ਇੱਕ ਛੋਟਾ ਜਿਹਾ ਟੁਕੜਾ ਭਵਿੱਖ ਵਿੱਚ ਹੋਰ ਜਾਂਚ (ਜਿਵੇਂ ਕਿ ਜੈਨੇਟਿਕਸ) ਲਈ ਸੰਭਾਲ ਕੇ ਰੱਖਿਆ ਜਾਂਦਾ ਹੈ। ਕਿਹੜਾ ਟਿਸ਼ੂ ਲਿਆ ਜਾਣਾ ਹੈ, ਇਸਦਾ ਫ਼ੈਸਲਾ ਪੋਸਟ-ਮਾਰਟਮ ਦੇ ਸਮੇਂ ਪੈਥੋਲੋਜਿਸਟ ਦੁਆਰਾ ਕੀਤਾ ਜਾਂਦਾ ਹੈ।

ਇਨ੍ਹਾਂ ਵਾਧੂ ਟੈਸਟਾਂ ਦੇ ਨਤੀਜੇ ਅੰਤਿਮ ਰਿਪੋਰਟ ਵਿੱਚ ਸ਼ਾਮਲ ਕੀਤੇ ਜਾਂਦੇ ਹਨ।

## ਟਿਸ਼ੂ ਕਿੰਨੇ ਸਮੇਂ ਲਈ ਰੱਖਿਆ ਜਾਂਦਾ ਹੈ?

ਜਦੋਂ ਤੱਕ ਆਗਿਆ ਨਾ ਦਿੱਤੀ ਗਈ ਹੋਵੇ, ਉਹ ਸਾਰੇ ਟਿਸ਼ੂ ਜੋ ਹੋਰ ਜਾਂਚਾਂ ਲਈ ਨਹੀਂ ਵਰਤੇ ਗਏ, ਜਾਂ ਉਹ ਟਿਸ਼ੂ ਜੋ ਸਟੋਰ ਕੀਤੇ ਗਏ ਹਨ (ਜਿਵੇਂ ਕਿ ਫ੍ਰੋਜ਼ਨ ਟਿਸ਼ੂ), ਪੋਸਟ-ਮਾਰਟਮ ਪੂਰਾ ਹੋਣ 'ਤੇ ਸਰੀਰ ਵਿੱਚ ਵਾਪਸ ਰੱਖ ਦਿੱਤੇ ਜਾਂਦੇ ਹਨ।

## ਮਾਈਕ੍ਰੋਸਕੋਪੀ ਲਈ ਲਏ ਗਏ ਟਿਸ਼ੂ ਦਾ ਕੀ ਹੁੰਦਾ ਹੈ?

ਇਸ ਟਿਸ਼ੂ ਨੂੰ ਇੱਕ ਪੈਰਾਫਿਨ ਬਲਾਕ ਵਿੱਚ ਅੱਗੇ ਪ੍ਰਕਿਰਿਆ ਲਈ ਭੇਜਿਆ ਜਾਂਦਾ ਹੈ, ਜਿਸ ਤੋਂ ਇੱਕ ਮਾਈਕ੍ਰੋਸਕੋਪ ਸਲਾਈਡ ਤਿਆਰ ਕੀਤੀ ਜਾਂਦੀ ਹੈ। ਪੈਥੋਲੋਜਿਸਟ ਇਹ ਪਤਾ ਲਗਾਉਣ ਲਈ ਮਾਈਕ੍ਰੋਸਕੋਪ ਦੇ ਹੇਠਾਂ ਇਸ ਸਲਾਈਡ ਦਾ ਅਧਿਐਨ ਕਰੇਗਾ ਕਿ ਕੀ ਕੋਈ ਬਿਮਾਰੀ ਹੈ ਜਾਂ ਨਹੀਂ। ਇਨ੍ਹਾਂ ਬਲਾਕਾਂ ਅਤੇ ਸਲਾਈਡਾਂ ਨੂੰ ਤੁਹਾਡੇ ਬੱਚੇ ਦੇ ਰਿਕਾਰਡ ਦੇ ਹਿੱਸੇ ਵਜੋਂ ਅਣਮਿੱਥੇ ਸਮੇਂ ਲਈ ਸੰਭਾਲ ਕੇ ਰੱਖਿਆ ਜਾਂਦਾ ਹੈ ਅਤੇ ਕਿਸੇ ਵੀ ਸਮੇਂ ਦੁਬਾਰਾ ਵਰਤਿਆ ਜਾ ਸਕਦਾ ਹੈ।

## ਟਿਸ਼ੂ ਨੂੰ ਸੰਭਾਲਣ ਲਈ ਕਿਉਂ ਲਿਆ ਜਾਂਦਾ ਹੈ ਅਤੇ ਇਸ ਟਿਸ਼ੂ ਦਾ ਕੀ ਹੁੰਦਾ ਹੈ?

ਟਿਸ਼ੂ ਨੂੰ ਸੰਭਾਲ ਕੇ ਰੱਖੇ ਜਾਣ ਦੇ ਕਈ ਕਾਰਨ ਹਨ। ਸਭ ਤੋਂ ਪਹਿਲਾਂ, ਸ਼ਾਇਦ ਪੈਥੋਲੋਜਿਸਟ ਪੋਸਟਮਾਰਟਮ ਕੀਤੇ ਜਾਣ ਵਾਲੇ ਦਿਨ ਇਸ ਬਾਰੇ ਯਕੀਨੀ ਨਾ ਹੋਵੇ ਕਿ ਕਿਹੜੀ ਵਾਧੂ ਜਾਂਚ (ਜਿਵੇਂ ਕਿ ਜੈਨੇਟਿਕ ਜਾਂਚ) ਕੀਤੀ ਜਾਵੇ। ਇਹ ਖ਼ਾਸ ਤੌਰ 'ਤੇ ਉਸ ਸਮੇਂ ਸਹੀ ਹੁੰਦਾ ਹੈ ਜਦੋਂ ਇਹ ਜਾਂਚ ਪੇਚੀਦਾ ਹੁੰਦੀ ਹੈ। ਜਦੋਂ ਪੈਥੋਲੋਜਿਸਟ ਨੂੰ ਇਸ ਗੱਲ ਦੀ ਸਪੱਸ਼ਟ ਸਮਝ ਆ ਜਾਂਦੀ ਹੈ ਕਿ ਅੰਦਰੂਨੀ ਬਿਮਾਰੀ ਦੀ ਪ੍ਰਕਿਰਿਆ ਕੀ ਹੋ ਸਕਦੀ ਹੈ ਤਾਂ ਵਧੀਕ ਜਾਂਚ ਲਈ ਭੇਜਣ ਲਈ ਫ੍ਰੀਜ਼ ਕੀਤੇ ਟਿਸ਼ੂ ਦਾ ਉਪਲਬਧ ਹੋਣਾ ਬਹੁਤ ਮਦਦਗਾਰ ਹੁੰਦਾ ਹੈ।

ਦੂਜਾ, ਮੈਡੀਕਲ ਵਿਗਿਆਨ (ਅਤੇ ਖ਼ਾਸ ਕਰਕੇ ਜੈਨੇਟਿਕਸ ਦਾ ਖੇਤਰ) ਤੇਜ਼ੀ ਨਾਲ ਵਿਕਸਿਤ ਹੋ ਰਿਹਾ ਹੈ, ਅਤੇ ਉੱਚ-ਸਤਰ ਦੀ ਜਾਂਚ ਲਈ ਟਿਸ਼ੂ ਦਾ ਉਪਲਬਧ ਹੋਣਾ ਬਹੁਤ ਮਦਦਗਾਰ ਹੁੰਦਾ ਹੈ। ਲਏ ਜਾਣ ਵਾਲੇ ਇਸ ਟਿਸ਼ੂ ਨੂੰ ਇੱਕ ਵਿਸ਼ੇਸ਼ ਪ੍ਰਕਿਰਿਆ ਵਿੱਚ -80 ਡਿਗਰੀ 'ਤੇ ਫ੍ਰੀਜ਼ ਕੀਤਾ ਜਾਂਦਾ ਹੈ ਅਤੇ 20 ਸਾਲਾਂ ਤੱਕ PathWest ਲੈਬੋਰਟਰੀ ਵਿੱਚ ਸੰਭਾਲ ਕੇ ਰੱਖਿਆ ਜਾਂਦਾ ਹੈ। ਇਸ ਟਿਸ਼ੂ ਨੂੰ ਬਾਅਦ ਵਿੱਚ ਜਾਂਚ ਲਈ ਵਰਤਿਆ ਜਾ ਸਕਦਾ ਹੈ, ਖ਼ਾਸ ਕਰਕੇ ਜੈਨੇਟਿਕ ਜਾਂਚ ਲਈ।

## ਕੀ ਤੁਸੀਂ ਅੰਗ ਰੱਖਦੇ ਹੋ?

ਨਹੀਂ। ਜਦੋਂ ਤੱਕ ਤੁਸੀਂ ਕਿਸੇ ਅੰਗ ਨੂੰ ਰੱਖਣ ਲਈ ਆਪਣੀ ਸਹਿਮਤੀ ਨਹੀਂ ਦਿੰਦੇ ਹੋ, ਸਾਰੇ ਅੰਗ ਸਰੀਰ ਵਿੱਚ ਵਾਪਸ ਰੱਖ ਦਿੱਤੇ ਜਾਂਦੇ ਹਨ। ਹਾਲਾਂਕਿ, ਜਿਵੇਂ ਕਿ ਦਿਮਾਗ਼ ਵਰਗੇ ਕੁੱਝ ਅੰਗਾਂ ਦੀ ਰਸਾਇਣਕ ਇਲਾਜ ਦੇ ਬਿਨਾਂ ਤਸੱਲੀਬਖਸ਼ ਜਾਂਚ ਨਹੀਂ ਕੀਤੀ ਜਾ ਸਕਦੀ (ਇਸ ਨੂੰ ਫਿਕਸੇਸ਼ਨ ਕਿਹਾ ਜਾਂਦਾ ਹੈ), ਇਸ ਲਈ ਪੋਸਟ-ਮਾਰਟਮ ਸ਼ੁਰੂ ਹੋਣ ਤੋਂ ਪਹਿਲਾਂ, ਤੁਹਾਨੂੰ ਤੁਹਾਡੇ ਸਿਹਤ-ਸੰਭਾਲ ਪੇਸ਼ੇਵਰ ਦੁਆਰਾ PathWest ਨੂੰ ਅੰਗ ਨੂੰ ਥੋੜ੍ਹਾ ਹੋਰ ਸਮਾਂ ਰੱਖਣ ਦੀ ਆਗਿਆ ਦੇਣ ਕਿਹਾ ਜਾ ਸਕਦਾ ਹੈ ਅਤੇ ਸਹਿਮਤੀ ਫਾਰਮ ਦੇ ਭਾਗ 3 ਨੂੰ ਪੂਰਾ ਕਰਨ ਲਈ ਕਿਹਾ ਜਾ ਸਕਦਾ ਹੈ।

ਜੇਕਰ ਆਗਿਆ ਦੇ ਦਿੱਤੀ ਜਾਂਦੀ ਹੈ ਅਤੇ ਕਿਸੇ ਅੰਗ ਨੂੰ ਫਿਕਸੇਸ਼ਨ ਲਈ ਰੱਖਿਆ ਜਾਂਦਾ ਹੈ, ਤਾਂ ਦਾਹ ਸੰਸਕਾਰ ਕਰਨ ਅਤੇ ਦਫ਼ਨਾਉਣ ਦੇ ਤਰੀਕਿਆਂ ਵਿੱਚ ਇਹ ਸ਼ਾਮਲ ਹਨ:

1. ਜਾਂਚ ਪੂਰੀ ਹੋਣ ਤੱਕ ਦਾਹ ਸੰਸਕਾਰ ਕਰਨ ਜਾਂ ਦਫ਼ਨਾਉਣ ਵਿੱਚ ਦੇਰੀ ਕਰਨਾ (ਇਸ ਵਿੱਚ ਦੋ ਹਫ਼ਤੇ ਤੱਕ ਲੱਗ ਸਕਦੇ ਹਨ) ਜਾਂ;
2. ਦਾਹ ਸੰਸਕਾਰ ਜਾਂ ਦਫ਼ਨ ਕਰ ਦੇਣਾ ਅਤੇ ਬਾਅਦ ਵਿੱਚ ਇੱਕ ਵੱਖਰਾ ਅੰਤਮ-ਸੰਸਕਾਰ ਕਰਨਾ।

## ਜੈਨੇਟਿਕ ਜਾਂਚ ਬਾਰੇ ਕੀ ਖਿਆਲ ਹੈ?

ਪਿਛਲੇ ਦਹਾਕੇ ਵਿੱਚ, ਬਿਮਾਰੀ ਅਤੇ ਜਮਾਂਦਰੂ ਰੋਗਾਂ ਦੇ ਜੈਨੇਟਿਕ ਅਧਾਰ ਦੀ ਸਮਝ ਵਿੱਚ ਬਹੁਤ ਵਾਧਾ ਹੋਇਆ ਹੈ। ਜੈਨੇਟਿਕ ਜਾਂਚ ਇੱਕ ਬਹੁਤ ਹੀ ਪੇਚੀਦਾ ਪ੍ਰਕਿਰਿਆ ਹੈ ਅਤੇ ਇਸ ਨੂੰ ਇੱਕ ਵਿਸ਼ੇਸ਼ ਲੈਬੋਰਟਰੀ ਵਿੱਚ ਕੀਤੇ ਜਾਣ ਦੀ ਲੋੜ ਹੁੰਦੀ ਹੈ। ਇਹ ਜਾਂਚ ਪੋਸਟ-ਮਾਰਟਮ ਦੇ ਸਮੇਂ, ਜਾਂ ਬਾਅਦ ਵਿੱਚ, ਜਾਂ ਦੋਵੇਂ ਸਮਿਆਂ 'ਤੇ, ਅੰਦਰੂਨੀ ਬਿਮਾਰੀ ਦੀ ਪ੍ਰਕਿਰਿਆ ਦੇ ਅਧਾਰ 'ਤੇ ਕੀਤੀ ਜਾ ਸਕਦੀ ਹੈ। ਇਹ ਆਮ ਵਿਧੀ ਹੈ ਕਿ ਟਿਸ਼ੂ ਦੇ ਮਟਰ ਦੇ ਆਕਾਰ ਦੇ ਇੱਕ ਛੋਟੇ ਜਿਹੇ ਟੁਕੜੇ ਨੂੰ (ਉਦਾਹਰਨ ਵਜੋਂ ਪੂਰੀ ਜਾਂ ਸੀਮਿਤ ਪੋਸਟ-ਮਾਰਟਮ ਜਾਂਚ ਦੌਰਾਨ ਮਾਸਪੇਸ਼ੀ ਤੋਂ, ਜਾਂ ਬਾਹਰੀ ਪੋਸਟ-ਮਾਰਟਮ ਜਾਂਚ ਵਿੱਚ ਧੁੰਨੀ ਤੋਂ) ਲਿਆ ਜਾਂਦਾ ਹੈ, ਜਿਸ ਨੂੰ ਇੱਕ ਖ਼ਾਸ ਪ੍ਰਕਿਰਿਆ ਨਾਲ ਫ੍ਰੀਜ਼ ਕੀਤਾ ਜਾਂਦਾ ਹੈ। ਇਸ ਟਿਸ਼ੂ ਨੂੰ ਫਿਰ ਜੈਨੇਟਿਕਸ ਲੈਬੋਰਟਰੀ ਵਿੱਚ ਭੇਜਿਆ ਜਾਂਦਾ ਹੈ, ਜਾਂ ਇਸਨੂੰ ਸਟੋਰ ਕੀਤਾ ਜਾਂਦਾ ਹੈ, ਜਾਂ ਦੋਵੇਂ। ਤੁਸੀਂ ਸਹਿਮਤੀ ਫਾਰਮ ਦੇ ਭਾਗ 2a ਜਾਂ 2b ਜਾਂ 2c ਵਿੱਚ "ਹਾਂ" ਜਾਂ "ਨਹੀਂ" ਬਾਕਸ 'ਤੇ ਨਿਸ਼ਾਨ ਲਗਾ ਕੇ ਕੀਤੀ ਜਾਣ ਵਾਲੀ ਜੈਨੇਟਿਕ ਜਾਂਚ ਕਰਨ ਲਈ ਸਹਿਮਤੀ ਦੇ ਸਕਦੇ ਹੋ ਜਾਂ ਮਨ੍ਹਾਂ ਕਰ ਸਕਦੇ ਹੋ।

ਜਦੋਂਕਿ ਜੈਨੇਟਿਕ ਜਾਂਚ ਬਹੁਤ ਜ਼ਿਆਦਾ ਵਿਕਸਿਤ ਹੈ, ਪਰ ਸ਼ਾਇਦ ਇਹ ਹਮੇਸ਼ਾ ਜਵਾਬ ਨਾ ਦੇਵੇ। ਕਈ ਵਾਰ ਜੈਨੇਟਿਕ ਜਾਂਚ ਦੱਸ ਸਕਦੀ ਹੈ ਕਿ ਪਰਿਵਾਰ ਦੇ ਹੋਰ ਮੈਂਬਰ ਕਿਸੇ ਬਿਮਾਰੀ ਦੇ ਕੈਰੀਅਰ ਹੋ ਸਕਦੇ ਹਨ ਅਤੇ ਉਹਨਾਂ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਤੁਹਾਡਾ ਡਾਕਟਰ ਤੁਹਾਡੇ ਨਾਲ ਜੈਨੇਟਿਕ ਜਾਂਚ ਦੇ ਨਤੀਜਿਆਂ ਬਾਰੇ ਚਰਚਾ ਕਰ ਸਕਦਾ ਹੈ; ਇਹ ਪੋਸਟ-ਮਾਰਟਮ ਜਾਂਚ ਤੋਂ ਵੱਖਰੀ ਸਹਿਮਤੀ ਪ੍ਰਕਿਰਿਆ ਹੈ।

## ਕੀ ਟਿਸ਼ੂਆਂ ਨੂੰ ਖੋਜ ਵਰਗੇ ਹੋਰ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ?

ਕਾਨੂੰਨ ਹੋਰ ਉਦੇਸ਼ਾਂ ਜਿਵੇਂ ਕਿ ਖੋਜ, ਸਿਖਲਾਈ ਅਤੇ ਸਿੱਖਿਆ, ਅਤੇ ਗੁਣਵੱਤਾ ਭਰੋਸੇ ਦੇ ਉਦੇਸ਼ਾਂ ਲਈ ਟਿਸ਼ੂ ਦੀ ਵਰਤੋਂ ਦੀ ਆਗਿਆ ਦਿੰਦਾ ਹੈ।

ਉਦਾਹਰਨ ਲਈ, ਖੋਜਕਰਤਾ ਪੋਸਟ-ਮਾਰਟਮ ਟਿਸ਼ੂ ਦਾ ਅਧਿਐਨ ਕਰਨਾ ਚਾਹ ਸਕਦੇ ਹਨ। ਟਿਸ਼ੂ ਨੂੰ ਨੈਤਿਕ ਖੋਜ ਜਾਂ ਹੋਰ ਉਦੇਸ਼ਾਂ ਲਈ ਉਪਲਬਧ ਕਰਨ ਲਈ ਸਹਿਮਤੀ ਪੋਸਟ-ਮਾਰਟਮ ਜਾਂਚ ਦੀ ਸਹਿਮਤੀ ਪ੍ਰਕਿਰਿਆ ਦੇ ਨਾਲ ਦਿੱਤੀ ਜਾ ਸਕਦੀ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਸਾਰੀ ਖੋਜ ਨੈਸ਼ਨਲ ਹੈਲਥ ਐਂਡ ਮੈਡੀਕਲ ਰਿਸਰਚ ਕੌਂਸਲ ਦੀ ਮਨੁੱਖਾਂ ਨੂੰ ਸ਼ਾਮਲ ਕਰਨ ਵਾਲੀ ਖੋਜ ਵਿੱਚ ਨੈਤਿਕ ਚਾਲ-ਚਲਣ ਬਾਰੇ ਨੈਸ਼ਨਲ ਸਟੇਟਮੈਂਟ ਨਾਲ ਇਕਸਾਰ ਹੋਣੀ ਚਾਹੀਦੀ ਹੈ ਅਤੇ ਹਸਪਤਾਲ ਦੀ ਨੈਤਿਕਤਾ ਟੀਮ ਦੁਆਰਾ ਪ੍ਰਵਾਨਿਤ ਹੋਣੀ ਚਾਹੀਦੀ ਹੈ। ਤੁਹਾਡੀ ਅਤੇ ਤੁਹਾਡੇ ਬੱਚੇ ਦੀ ਪਛਾਣ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਰੇ ਟਿਸ਼ੂਆਂ ਨੂੰ ਗ਼ੈਰ-ਸਨਾਖ਼ਤਯੋਗ ਕਰ ਦਿੱਤਾ ਜਾਵੇਗਾ।

ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਬੱਚੇ ਦੇ ਟਿਸ਼ੂ ਦੀ ਖੋਜ, ਗੁਣਵੱਤਾ ਭਰੋਸੇ ਜਾਂ ਸਿੱਖਿਆ ਲਈ ਵਰਤੋਂ ਕੀਤੀ ਜਾਵੇ ਤਾਂ ਤੁਸੀਂ ਭਾਗ 2a, 2b ਜਾਂ 2c ਦੇ ਸੰਬੰਧਿਤ ਭਾਗ ਵਿੱਚ ਲਾਗੂ ਸ਼ਬਦਾਂ ਨੂੰ ਲੈਣ ਮਾਰ ਕੇ ਕੱਟ ਸਕਦੇ ਹੋ।

## ਪੋਸਟ-ਮਾਰਟਮ ਜਾਂਚ ਦੀ ਰਿਪੋਰਟ ਵਿੱਚ ਕੀ ਜਾਣਕਾਰੀ ਹੁੰਦੀ ਹੈ?

ਜਾਂਚ ਤੋਂ ਬਾਅਦ, ਪੈਥੋਲੋਜਿਸਟ ਤੁਹਾਡੇ ਅਤੇ ਤੁਹਾਡੇ ਬੱਚੇ ਦੀ ਦੇਖਭਾਲ ਕਰਨ ਵਾਲੇ ਡਾਕਟਰ ਲਈ ਇੱਕ ਰਿਪੋਰਟ ਲਿਖੇਗਾ, ਜਿਸ ਵਿੱਚ ਉਹਨਾਂ ਦੀਆਂ ਖੋਜਾਂ ਦੀ ਵਿਸਥਾਰਪੂਰਨ ਜਾਣਕਾਰੀ ਹੋਵੇਗੀ। ਇਸ ਪ੍ਰਕਿਰਿਆ ਨੂੰ ਪੂਰਾ ਹੋਣ ਵਿੱਚ 6-8 ਹਫ਼ਤੇ ਲੱਗਦੇ ਹਨ।

ਇਸ ਰਿਪੋਰਟ ਵਿੱਚ ਦਿੱਤੀ ਗਈ ਜਾਣਕਾਰੀ ਤੁਹਾਡੇ ਸਿਹਤ-ਸੰਭਾਲ ਪੇਸ਼ੇਵਰ ਨੂੰ ਇਹ ਚਰਚਾ ਕਰਨ ਲਈ ਸਹਾਇਕ ਹੁੰਦੀ ਹੈ ਕਿ ਤੁਹਾਡੇ ਬੱਚੇ ਦੀ ਮੌਤ ਕਿਉਂ ਹੋਈ, ਅਤੇ ਭਵਿੱਖ ਵਿੱਚ ਹੋਣ ਵਾਲੀਆਂ ਗਰਭ-ਅਵਸਥਾਵਾਂ ਲਈ ਕੀ ਖ਼ਤਰੇ ਹੋ ਸਕਦੇ ਹਨ। ਤੁਸੀਂ ਸਹਿਮਤੀ ਫਾਰਮ 'ਤੇ ਦਸਤਖ਼ਤ ਕਰਨ ਵੇਲੇ ਗ਼ੈਰ-ਤਕਨੀਕੀ ਭਾਸ਼ਾ ਵਿੱਚ ਇੱਕ ਰਿਪੋਰਟ (ਜਿਸਨੂੰ "ਪਲੇਨ ਲੈਂਗੁਏਜ ਰਿਪੋਰਟ (ਆਸਾਨ ਭਾਸ਼ਾ ਰਿਪੋਰਟ)" ਕਿਹਾ ਜਾਂਦਾ ਹੈ) ਦੀ ਬੇਨਤੀ ਵੀ ਕਰ ਸਕਦੇ ਹੋ।

ਕਿਰਪਾ ਕਰਕੇ ਧਿਆਨ ਦਿਓ ਕਿ ਦੋਵੇਂ, ਤਕਨੀਕੀ ਅਤੇ ਗ਼ੈਰ-ਤਕਨੀਕੀ ਪੋਸਟ-ਮਾਰਟਮ ਰਿਪੋਰਟ ਸਿਰਫ਼ ਸਹਿਮਤੀ ਫਾਰਮ 'ਤੇ ਨਾਮਜ਼ਦ ਡਾਕਟਰ ਨੂੰ ਭੇਜੀ ਜਾ ਸਕਦੀ ਹੈ।

## ਇਹ ਜਾਂਚ ਕਿੱਥੇ ਹੁੰਦੀ ਹੈ?

ਤੁਹਾਡੇ ਬੱਚੇ ਨੂੰ ਕਿੰਗ ਐਡਵਰਡ ਮੈਮੋਰੀਅਲ ਹਸਪਤਾਲ (KEMH) ਦੇ PathWest ਪੈਰੀਨੇਟਲ ਪੈਥੋਲੋਜੀ ਵਿਭਾਗ ਵਿੱਚ ਰੱਖਿਆ ਜਾਂਦਾ ਹੈ। ਜੇਕਰ ਤੁਸੀਂ ਆਪਣੇ ਬੱਚੇ ਦੀ ਜਾਂਚ ਲਈ ਬੇਨਤੀ ਕਰਦੇ ਹੋ, ਤਾਂ ਉਸਨੂੰ ਪਰਥ ਚਿਲਡਰਨ ਹਸਪਤਾਲ (PCH) ਵਿੱਚ ਸਥਿਤ PathWest ਪੀਡੀਐਟ੍ਰਿਕ ਐਂਡ ਪੈਰੀਨੇਟਲ ਪੈਥੋਲੋਜੀ ਵਿਭਾਗ ਵਿੱਚ ਭੇਜਿਆ ਜਾਵੇਗਾ, ਜਿੱਥੇ ਜਾਂਚ ਦੀਆਂ ਸੁਵਿਧਾਵਾਂ ਮੌਜੂਦ ਹਨ।

ਤੁਹਾਡੇ ਬੱਚੇ ਦੇ ਨਾਲ ਹਮੇਸ਼ਾ ਪੈਰੀਨੇਟਲ ਪੈਥੋਲੋਜੀ ਦਾ ਸਟਾਫ਼ ਹੋਵੇਗਾ, ਜੋ ਪੋਸਟ-ਮਾਰਟਮ ਦੀ ਸਾਰੀ ਪ੍ਰਕਿਰਿਆ ਦੌਰਾਨ ਮੌਜੂਦ ਰਹਿੰਦਾ ਹੈ, ਜਿਸ ਵਿੱਚ KEMH ਤੋਂ ਜਾਣ-ਆਉਣ ਦੀ ਯਾਤਰਾ ਵੀ ਸ਼ਾਮਲ ਹੈ। ਤੁਹਾਡੇ ਬੱਚੇ ਨੂੰ ਉਸੇ ਦਿਨ KEMH ਦੇ ਪੈਰੀਨੇਟਲ ਪੈਥੋਲੋਜੀ ਵਿਭਾਗ ਵਿੱਚ ਵਾਪਸ ਕਰ ਦਿੱਤਾ ਜਾਵੇਗਾ।

## ਇਸ ਜਾਂਚ ਦੌਰਾਨ ਹੋਰ ਕੌਣ ਮੌਜੂਦ ਹੁੰਦਾ ਹੈ?

ਪੋਸਟ-ਮਾਰਟਮ ਜਾਂਚ ਦੌਰਾਨ, ਇੱਕ ਸਿਖਲਾਈ ਲੈ ਰਿਹਾ ਡਾਕਟਰ, ਮਿਡਵਾਈਫ, ਨਰਸ, ਲੈਬ ਟੈਕਨੀਸ਼ੀਅਨ ਜਾਂ ਮਾਹਰ ਡਾਕਟਰ ਉਹਨਾਂ ਦੀ ਸਿਖਲਾਈ ਦੇ ਹਿੱਸੇ ਵਜੋਂ ਜਾਂ ਖੋਜਾਂ ਦੀ ਸਮੀਖਿਆ ਕਰਨ ਲਈ ਮੌਜੂਦ ਹੋ ਸਕਦੇ ਹਨ।

## ਮੈਂ ਸਲਾਹ ਲਈ ਕਿਸ ਨਾਲ ਗੱਲ ਕਰ ਸਕਦਾ/ਸਕਦੀ ਹਾਂ?

ਪੋਸਟ-ਮਾਰਟਮ ਕੋਆਰਡੀਨੇਟਰ ਜਾਂ ਤੁਹਾਡਾ ਡਾਕਟਰ ਨਤੀਜਿਆਂ ਦੀ ਸਮੀਖਿਆ ਕਰਨ ਲਈ ਤੁਹਾਡੇ ਨਾਲ ਪੋਸਟ-ਮਾਰਟਮ ਜਾਂਚ ਬਾਰੇ ਤੁਹਾਡੇ ਸਾਰੇ ਸਵਾਲਾਂ 'ਤੇ ਚਰਚਾ ਕਰਨ ਦੇ ਯੋਗ ਹੋਵੇਗਾ।

## ਆਰਾਮ, ਸਹਾਇਤਾ, ਅਤੇ ਹੋਰ ਜਾਣਕਾਰੀ

ਪੀਡੀਐਟ੍ਰਿਕ ਮੋਰਚਰੀ (ਬਾਲ ਮੁਰਦਾਘਰ) ਦੁਆਰਾ ਪ੍ਰਦਾਨ ਕੀਤੀਆਂ ਹੋਰ ਸੇਵਾਵਾਂ ਬਾਰੇ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿਸ ਵਿੱਚ ਸ਼ਾਮਲ ਹਨ:

- ਦੇਖਣ ਦਾ ਪ੍ਰਬੰਧ ਕਰਨਾ
- ਸੋਗ ਸਹਾਇਤਾ
- ਸੰਸਕਾਰ।



## PathWest ਸੰਪਰਕ ਜਾਣਕਾਰੀ

**ਕੰਮਕਾਜੀ ਘੰਟੇ**
ਸੋਮਵਾਰ ਤੋਂ ਸ਼ੁੱਕਰਵਾਰ ਤੱਕ
ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ

0456 634 579

PathWest.PCHmortuary@health.wa.gov.au

pathwest.health.wa.gov.au

**ਸਥਾਨ**
Level 2C, Perth Children's Hospital, Nedlands

**ਡਾਕ ਪਤਾ**
Locked Bag 2010, Nedlands WA 6909